# PC–10321/NK

**Q–26/2111**

GENERAL LINGUISTICS
(Paper–I LINM 1101T)
(Semester–I)
(Regular)

Time : Three Hours] [Maximum Marks : 75

**Note :** Attempt *two* questions from Section A carrying 11½ marks each, *two* questions from Section B carrying 11 marks each and the entire Section C consisting of 15 short answer type questions carrying 2 marks each.

## SECTION—A

I. Explain the main components of the structure of language by focusing on their interrelation.

II. Elaborate the difference between formal and substantive universals with examples.

III. Define Linguistic Units and elaborate their distribution at different levels.

IV. Explicate with examples that how the case relations in Punjabi language are realized or ascertained at the level of 'noun phrases'?

## SECTION—B

V. Answer *two* subsections from the following three :

(a) Diachrony and Synchrony.

(b) Competence and Performance.

(c) Syntagmatic and Paradigmatic relations.

VI. Elaborate, why Saussure considered *langue* as the legislative side and *parole* as the executive side of a language?

VII. Answer while elaborating the difference between Traditional Grammar and Transformational Grammar.

VIII. Describe the relevance and importance of Linguistics to the other fields of Study in your own words.

## SECTION—C

### (Compulsory Question)

IX. Write brief answer of the following :

1. What is idiolect?
2. Define the term word classes.
3. Define Adverb.
4. Which linguist coined the terms 'emic' and 'etic'?
5. Specify in writing if the word ਘਰ is replaced by ਸਕੂਲ or ਬਜ਼ਾਰ in the sentence 'ਮੈਂ ਘਰ ਗਿਆ' then the relation between words 'ਘਰ, ਸਕੂਲ, ਬਾਜ਼ਾਰ' is Syntagmatic or Paradigmatic?
6. Define the term complementation.

7. Name the field/s in Linguistics related to Physics.

8. Name the field/s in Linguistics related to Computer.

9. Define case.

10. Define the term Semantics.

11. Name the field/s in Linguistics related to Psychology.

12. Find and write down 'Subject' in the sentence : 'A Big cat with a long tail climbed the wall'.

13. The English sentence : She does not like driving the car, does she? is an example of which type of sentence construction?

14. In an English sentence, 'Sita took the basket from the shopkeeper', the word 'from' indicates which case?

15. Define 'Areal features'.

## PUNJABI VERSION

**ਨੋਟ :** ਭਾਗ A ਵਿਚੋਂ *ਦੋ* ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 11½ ਅੰਕ ਹਨ, ਭਾਗ B ਵਿਚੋਂ *ਦੋ* ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 11 ਅੰਕ ਹਨ। ਭਾਗ C ਸਾਰਾ ਕਰੋ। ਇਸ ਵਿਚ 15 ਸੰਖੇਪ ਉੱਤਰ ਵਾਲੇ ਪ੍ਰਸ਼ਨ 2-2 ਅੰਕਾਂ ਦੇ ਹਨ।

### ਭਾਗ—A

I. ਭਾਸ਼ਾ ਸੰਰਚਨਾ ਦੇ ਮੁੱਖ ਭਾਗਾਂ ਦੇ ਆਪਸੀ ਸਬੰਧਾਂ ਉਤੇ ਚਾਨਣਾ ਪਾਉਂਦੇ ਹੋਏ ਉਹਨਾਂ ਦੀ ਵਿਆਖਿਆ ਕਰੋ।

II. ਰੂਪਾਤਮਕ ਸਰਵਭਾਸ਼ੀ (formal universal) ਅਤੇ ਹੋਂਦਾਤਮਕ ਸਰਵਭਾਸ਼ੀ (substantive universal) ਦੇ ਅੰਤਰ ਬਾਰੇ ਉਦਾਹਰਣਾਂ ਸਹਿਤ ਵਿਸਥਾਰਪੂਰਵਕ ਚਾਨਣਾ ਪਾਓ।

III. 'ਭਾਸ਼ਾਈ ਇਕਾਈਆਂ' ਦੀ ਪਰਿਭਾਸ਼ਾ ਦਿੰਦੇ ਹੋਏ ਉਹਨਾਂ ਦੀ ਵੱਖ-ਵੱਖ ਪੱਧਰਾਂ ਉਤੇ ਵੰਡ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

IV. ਉਦਾਹਰਣਾਂ ਸਹਿਤ ਵਰਣਨ ਕਰੋ ਕਿ ਪੰਜਾਬੀ ਭਾਸ਼ਾ ਵਿਚ ਕਾਰਕੀ ਸਬੰਧ 'ਨਾਂਵ ਵਾਕਾਂਸ਼ਾਂ' ਦੀ ਪੱਧਰ 'ਤੇ ਕਿਵੇਂ ਸਾਕਾਰ ਹੁੰਦੇ ਹਨ?

### ਭਾਗ—B

V. ਪ੍ਰਸ਼ਨ ਦੇ ਤਿੰਨ ਉਪਭਾਗਾਂ ਵਿਚੋਂ ਕੋਈ *ਦੋ* ਉਪਭਾਗਾਂ ਦਾ ਉੱਤਰ ਦਿਓ :

(a) ਕਾਲਕ੍ਰਮਿਕਤਾ ਅਤੇ ਇਕਾਲਿਕਤਾ।

(b) ਸਮਰੱਥਾ ਅਤੇ ਨਿਭਾਉ।

(c) ਲੜੀਦਾਰ ਅਤੇ ਕੜੀਦਾਰ ਸਬੰਧ।

VI. ਵਿਸਥਾਰ ਸਹਿਤ ਦੱਸੋ ਕਿ ਕਿਉਂ ਸੋਸਿਉਰ **ਲਾਂਗ** ਨੂੰ ਵਿਧਾਨਕ ਪਹਿਲੂ ਅਤੇ **ਪੈਰੋਲ** ਨੂੰ ਕਾਰਜਕਾਰੀ ਪਹਿਲੂ ਮੰਨਦਾ ਹੈ?

VII. ਪਾਰੰਪਰਿਕ ਵਿਆਕਰਣ ਅਤੇ ਰੂਪਾਂਤਰਣ ਵਿਆਕਰਣ ਦੇ ਭੇਦਾਂ ਦੀ ਵਿਆਖਿਆ ਕਰਦੇ ਹੋਏ ਉੱਤਰ ਦਿਓ।

VIII. ਭਾਸ਼ਾ ਵਿਗਿਆਨ ਦੀ ਦੂਜੇ ਅਧਿਐਨ ਖੇਤਰਾਂ ਵਿਚ ਉਚਿੱਤਤਾ ਅਤੇ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਸ਼ਬਦਾਂ ਵਿਚ ਵਿਆਖਿਆ ਕਰੋ।

## ਭਾਗ—C

## (ਲਾਜ਼ਮੀ ਪ੍ਰਸ਼ਨ)

IX. ਹੇਠ ਲਿਖਿਆਂ ਦੇ ਸੰਖੇਪ ਉੱਤਰ ਲਿਖੋ :

1. ਵਿਅਕਤੀਪਰਕ ਬੋਲੀ ਕੀ ਹੈ?
2. ਸ਼ਬਦ ਵਰਗ ਮੱਦ ਦੀ ਪਰਿਭਾਸ਼ਾ ਦਿਓ।
3. ਕਿਰਿਆ ਵਿਸ਼ੇਸ਼ਣ ਨੂੰ ਪਰਿਭਾਸ਼ਿਤ ਕਰੋ।
4. 'emic' ਅਤੇ 'etic' ਮਦਾਂ ਘੜਨ ਵਾਲੇ ਭਾਸ਼ਾ ਵਿਗਿਆਨੀ ਦਾ ਨਾਂ ਦੱਸੋ।
5. ਲਿਖਤੀ ਤੌਰ 'ਤੇ ਦੱਸੋ ਕਿ 'ਮੈਂ ਘਰ ਗਿਆ' ਵਾਕ ਵਿਚ ਜੇ ਘਰ ਦੀ ਥਾਂ ਸਕੂਲ ਜਾਂ ਬਜ਼ਾਰ ਆ ਜਾਵੇ, ਤਾਂ 'ਘਰ, ਸਕੂਲ, ਬਾਜ਼ਾਰ' ਸ਼ਬਦਾਂ ਦਾ ਆਪਸੀ ਸਬੰਧ ਲੜੀਦਾਰ ਹੈ ਜਾਂ ਕੜੀਦਾਰ?
6. ਪੂਰਕੀਕਰਣ ਮੱਦ ਨੂੰ ਪਰਿਭਾਸ਼ਿਤ ਕਰੋ।

7. ਭਾਸ਼ਾ ਵਿਗਿਆਨ ਨਾਲ ਸਬੰਧਿਤ ਭੌਤਿਕ ਵਿਗਿਆਨ ਦੇ ਖੇਤਰਾਂ ਦਾ ਨਾਂ ਲਿਖੋ।

8. ਭਾਸ਼ਾ ਵਿਗਿਆਨ ਨਾਲ ਸਬੰਧਿਤ ਕੰਪਿਊਟਰ ਦੇ ਖੇਤਰਾਂ ਦਾ ਨਾਂ ਲਿਖੋ।

9. ਕਾਰਕ ਨੂੰ ਪਰਿਭਾਸ਼ਿਤ ਕਰੋ।

10. ਅਰਥ ਵਿਗਿਆਨ ਮੱਦ ਨੂੰ ਪਰਿਭਾਸ਼ਿਤ ਕਰੋ।

11. ਭਾਸ਼ਾ ਵਿਗਿਆਨ ਨਾਲ ਸਬੰਧਿਤ ਮਨੋਵਿਗਿਆਨ ਦੇ ਖੇਤਰਾਂ ਦਾ ਨਾਂ ਲਿਖੋ।

12. ਵਾਕ : 'ਲੰਮੀ ਪੂਛ ਵਾਲੀ ਵੱਡੀ ਬਿੱਲੀ ਕੰਧ ਉੱਤੇ ਚੜ੍ਹ ਗਈ' ਵਿਚਲਾ ਕਰਤਾ ਲੱਭ ਕੇ ਲਿਖੋ।

13. ਅੰਗਰੇਜ਼ੀ ਵਾਕ : She does not like driving the car, does she? ਕਿਸ ਪ੍ਰਕਾਰ ਦੇ ਵਾਕ ਦਾ ਉਦਾਹਰਣ ਹੈ?

14. ਅੰਗਰੇਜ਼ੀ ਵਾਕ : 'Sita took the basket from the shopkeeper', ਵਿਚ ਸ਼ਬਦ 'from' ਕਿਸ 'ਕਾਰਕ' ਵੱਲ ਇਸ਼ਾਰਾ ਕਰਦਾ ਹੈ?

15. 'ਖੇਤਰੀ ਗੁਣ' ਪਰਿਭਾਸ਼ਿਤ ਕਰੋ।